ਮਿੱਠੇ ਬੱਚੇ:- "ਮਿੱਠੇ ਬੱਚੇ :- ਬਾਪ ਸਮਾਨ ਰੂਹਾਨੀ ਟੀਚਰ ਬਣੋ। ਜੋ ਬਾਪ ਕੋਲੋਂ ਪੜ੍ਹਿਆ ਹੈ ਉਹ ਦੂਸਰਿਆਂ ਨੂੰ ਵੀ ਪੜ੍ਹਾਓ। ਧਾਰਨਾ ਹੈ ਤਾਂ ਕਿਸੇ ਨੂੰ ਵੀ ਸਮਝਾ ਕੇ ਦੱਸੋ।"

ਪ੍ਰਸ਼ਨ:- ਕਿਹੜੀ ਗੱਲ ਵਿਚ ਬਾਬਾ ਨੂੰ ਅਟੱਲ ਨਿਸ਼ਚੈ ਹੈ। ਬੱਚਿਆਂ ਨੂੰ ਵੀ ਉਸ ਵਿਚ ਅਟੱਲ ਬਣਨਾ ਹੈ?

ਉੱਤਰ:- ਬਾਬਾ ਨੂੰ ਡਰਾਮੇ ਤੇ ਅਟੱਲ ਨਿਸ਼ਚੈ ਹੈ। ਬਾਬਾ ਕਹਿਣਗੇ ਜੋ ਬੀਤ ਗਿਆ ਡਰਾਮਾ। ਕਲਪ ਪਹਿਲੇਂ ਜੋ ਕੀਤਾ ਸੀ ਉਹ ਹੀ ਕਰਨਗੇ। ਡਰਾਮਾ ਤੁਹਾਨੂੰ ਹੇਠਾਂ ਉਪਰ ਨਹੀਂ ਹੋਣ ਦੇਵੇਗਾ। ਪਰੰਤੂ ਅਜੇ ਤੱਕ ਬੱਚਿਆਂ ਦੀ ਅਵੱਸਥਾ ਇਹੋ ਜਿਹੀ ਬਣੀ ਨਹੀਂ ਹੈ ਇਸਲਈ ਮੂੰਹ ਵਿੱਚੋਂ ਨਿਕਲਦਾ ਹੈ- ਇਵੇਂ ਹੁੰਦਾ ਤਾਂ ਇਵੇਂ ਕਰਦੇ, ਪਤਾ ਹੁੰਦਾ ਤਾਂ ਇਹ ਨਹੀਂ ਕਰਦੇ... ਬਾਬਾ ਕਹਿੰਦੇ ਬੀਤੀ ਨੂੰ ਯਾਦ ਨਾ ਕਰੋ, ਅਗੋਂ ਲਈ ਪੁਰਸ਼ਾਰਥ ਕਰੋ ਕਿ ਇਹੋ ਜਿਹੀ ਕੋਈ ਭੁਲ ਦੁਬਾਰਾ ਨਾ ਹੋਵੇ।

ਓਮ ਸ਼ਾਂਤੀ। ਰੂਹਾਨੀ ਬਾਪ ਰੂਹਾਨੀ ਬੱਚਿਆਂ ਨੂੰ ਬੈਠ ਸਮਝਾਉਂਦੇ ਹਨ। ਬਾਪ ਖੁੱਦ ਕਹਿੰਦੇ ਹਨ ਮੈਂ ਜਦੋਂ ਆਉਂਦਾ ਹਾਂ ਤਾਂ ਕਿਸੇ ਨੂੰ ਪਤਾ ਨਹੀਂ ਚਲਦਾ, ਕਿਉਂਕਿ ਮੈਂ ਹਾਂ ਗੁਪਤ। ਗਰਭ ਵਿੱਚ ਵੀ ਆਤਮਾ ਜਦੋਂ ਪ੍ਰਵੇਸ਼ ਕਰਦੀ ਹੈ ਤਾਂ ਪ੍ਰਵੇਸ਼ ਹੋਣ ਦਾ ਪਤਾ ਥੋੜੀ ਚਲਦਾ ਹੈ। ਤਿਥੀ ਤਾਰੀਖ ਨਹੀਂ ਨਿਕਲ ਸਕਦੀ। ਜਦੋਂ ਗਰਭ ਤੋਂ ਬਾਹਰ ਨਿਕਲਦੀ ਹੈ ਤਾਂ ਉਹ ਤਿਥੀ ਤਾਰੀਖ ਨਿਕਲਦੀ ਹੈ। ਤਾਂ ਬਾਬਾ ਦੀ ਪ੍ਰਵੇਸ਼ਤਾ ਦੀ ਵੀ ਤਾਰੀਖ ਪਤਾ ਨਹੀਂ ਲਗਦੀ, ਕਿ ਕਦੋਂ ਪ੍ਰਵੇਸ਼ ਕੀਤਾ, ਕਦੋਂ ਰੱਥ ਵਿੱਚ ਪਧਾਰੇ- ਕੁੱਝ ਪਤਾ ਨਹੀਂ ਚਲਦਾ। ਕਿਸੇ ਨੂੰ ਵੇਖਦੇ ਸਨ ਤਾਂ ਉਹ ਨਸ਼ੇ ਵਿੱਚ ਚਲੇ ਜਾਂਦੇ ਸਨ। ਸਮਝਿਆ, ਕੁੱਝ ਪ੍ਰਵੇਸ਼ਤਾ ਹੈ ਜਾਂ ਕੋਈ ਤਾਕਤ ਆਈ ਹੈ? ਤਾਕਤ ਕਿਥੋਂ ਆਈ? ਮੈਂ ਖ਼ਾਸ ਕੋਈ ਜਪ ਤਪ ਤਾਂ ਕੀਤਾ ਨਹੀਂ। ਇਸਨੂੰ ਕਿਹਾ ਜਾਂਦਾ ਹੈ ਗੁਪਤ। ਤਿਥੀ ਤਾਰੀਖ਼ ਕੁਝ ਨਹੀਂ। ਸੂਖਸ਼ਮਵਤਨ ਦੀ ਵੀ ਸਥਾਪਨਾ ਕਦੋਂ ਹੁੰਦੀ ਹੈ, ਕੁੱਝ ਕਹਿ ਨਹੀਂ ਸਕਦੇ। ਮੁੱਖ ਗਲ੍ਹ ਹੈ ਮਨਮਨਾਭਵ। ਬਾਪ ਕਹਿੰਦੇ ਹਨ ਹੇ ਆਤਮਾਓਂ ਤੁਸੀਂ ਮੈਨੂੰ, ਆਪਣੇ ਬਾਪ ਨੂੰ ਬੁਲਾਉਂਦੇ ਹੋ ਕਿ ਆਕੇ ਪਤਿਤਾਂ ਨੂੰ ਪਾਵਨ ਬਣਾਓ, ਪਾਵਨ ਦੁਨੀਆ ਬਣਾਓ। ਬਾਪ ਸਮਝਾਉਂਦੇ ਹਨ ਕਿ ਡਰਾਮਾ ਪਲਾਨ ਅਨੁਸਾਰ ਜਦੋਂ ਮੈਂ ਆਉਣਾ ਹੁੰਦਾ ਹੈ ਤਾਂ ਬਦਲਾਵ ਜਰੂਰ ਆਉਂਦਾ ਹੈ। ਸਤਿਯੁੱਗ ਤੋਂ ਲੈਕੇ ਜੋ ਕੁੱਝ ਪਾਸਟ ਹੋਇਆ, ਉਹ ਫਿਰ ਰਪੀਟ ਕਰਾਂਗੇ। ਸਤਿਯੁੱਗ, ਤ੍ਰੇਤਾ ਫਿਰ ਜਰੂਰ ਰਪੀਟ ਕਰਾਂਗੇ। ਸੈਕਿੰਡ - ਸੈਕਿੰਡ ਬੀਤਦਾ ਜਾਂਦਾ ਹੈ। ਸੰਵਤ ਵੀ ਬੀਤਦਾ ਜਾਂਦਾ ਹੈ। ਕਹਿੰਦੇ ਹਨ ਸਤਿਯੁੱਗ ਬੀਤ ਗਿਆ। ਵੇਖਿਆ ਤੇ ਨਹੀਂ। ਬਾਪ ਨੇ ਸਮਝਾਇਆ ਹੈ ਤੁਸੀਂ ਪਾਸ ਕੀਤਾ ਹੈ। ਤੁਸੀ ਹੀ ਪਹਿਲੋਂ-ਪਹਿਲੋਂ ਮੇਰੇ ਤੋਂ ਵਿਛੜੇ ਹੋ। ਤਾਂ ਇਸ ਤੇ ਧਿਆਨ ਦੇਣਾ ਹੈ, ਕਿਵੇਂ ਅਸੀਂ 84 ਜਨਮ ਲਏ ਅਤੇ ਫਿਰ ਹੂਬਹੂ ਲੈਣੇ ਪੈਣਗੇ ਮਤਲਬ ਦੁੱਖ ਅਤੇ ਸੁੱਖ ਦਾ ਪਾਰਟ ਵਜਾਉਣਾ ਪਵੇਗਾ। ਸਤਿਯੁੱਗ ਵਿੱਚ ਹੁੰਦਾ ਹੈ ਸੁੱਖ, ਜਦੋ ਮਕਾਨ ਪੁਰਾਣਾ ਹੁੰਦਾ ਹੈ ਤਾਂ ਕਿਧਰੇ ਛੱਤ ਚੋਣ ਲਗ ਜਾਂਦੀ, ਕਿਤੇ ਕੁੱਝ ਹੁੰਦਾ ਰਹਿੰਦਾ ਹੈ। ਤਾਂ ਧਿਆਨ ਹੁੰਦਾ ਹੈ ਕਿ ਇਸ ਦੀ ਮੁਰੰਮਤ ਕਰਨੀ ਹੈ। ਜਦੋਂ ਬਹੁਤ ਪੁਰਾਣਾ ਹੋ ਜਾਂਦਾ ਹੈ ਤਾਂ ਸਮਝਿਆ ਜਾਂਦਾ ਹੈ ਕਿ ਇਹ ਹੁਣ ਰਹਿਣ ਦੇ ਕਾਬਿਲ ਨਹੀਂ ਹੈ। ਨਵੀਂ ਦੁਨੀਆਂ ਲਈ ਇੱਦਾਂ ਨਹੀਂ ਕਹਾਂਗੇ। ਹੁਣ ਤੁਸੀਂ ਨਵੀਂ ਦੁਨੀਆਂ ਵਿੱਚ ਚੱਲਣ ਦੇ ਕਾਬਿਲ ਬਣਦੇ ਹੋ। ਹਰ ਚੀਜ ਪਹਿਲੇ ਨਵੀਂ ਫਿਰ ਪੁਰਾਣੀ ਹੁੰਦੀ ਹੈ।

ਹੁਣ ਤੁਹਾਨੂੰ ਬੱਚਿਆਂ ਨੂੰ ਇਹ ਖ਼ਿਆਲ ਵਿਚ ਆਉਂਦਾ ਹੈ, ਹੋਰ ਕੋਈ ਤਾਂ ਇਨ੍ਹਾਂ ਗੱਲਾਂ ਨੂੰ ਸਮਝ ਵੀ ਨਾ ਸਕੇ। ਗੀਤਾ, ਰਮਾਇਣ ਆਦਿ ਸੁਣਾਉਂਦੇ ਰਹਿੰਦੇ ਹਨ, ਉਸ ਵਿਚ ਹੀ ਬਿਜ਼ੀ ਰਹਿੰਦੇ ਹਨ। ਅਸੀਂ, ਤੁਸੀਂ ਵੀ ਇਹੋ ਕੰਮਾਂ ਵਿਚ ਬਿਜ਼ੀ ਸੀ। ਹੁਣ ਬਾਪ ਨੇ ਕਿੰਨਾ ਸਮਝਦਾਰ ਬਣਾਇਆ ਹੈ। ਬਾਬਾ ਕਹਿੰਦੇ ਹਨ ਬੱਚੇ ਹੁਣ ਇਹ ਪੁਰਾਣੀ ਦੁਨੀਆ ਖ਼ਤਮ ਹੋਣ ਵਾਲੀ ਹੈ, ਹੁਣ ਨਵੀਂ ਦੁਨੀਆਂ ਵਿੱਚ ਚਲਣਾ ਹੈ। ਇਵੇਂ ਵੀ ਨਹੀਂ ਕਿ ਸਾਰੇ ਜਾਣਗੇ। ਸਭ ਮੁੱਕਤੀਧਾਮ ਵਿੱਚ ਬੈਠ ਜਾਣ, ਇਹ ਵੀ ਕਾਇਦਾ ਨਹੀਂ ਹੈ, ਪ੍ਰਲਯ ਹੋ ਜਾਏ। ਤੁਸੀਂ ਜਾਣਦੇ ਹੋ ਇਹ ਪੁਰਾਣੀ ਦੁਨੀਆ ਅਤੇ ਨਵੀਂ ਦੁਨੀਆਂ ਦਾ ਬਹੁਤ ਹੀ, ਕਲਿਆਣਕਾਰੀ ਸੰਗਮਯੁੱਗ ਹੈ। ਹੁਣ ਬਦਲਾਵ ਆਉਣਾ ਹੈ ਫਿਰ ਸ਼ਾਂਤੀਧਾਮ ਵਿਚ ਜਾਵਾਂਗੇ। ਉਥੇ ਸੁੱਖ ਦੀ ਭਾਸਨਾ ਦੀ ਵੀ ਕੋਈ ਗੱਲ ਨਹੀਂ। ਗਾਇਨ ਹੈ ਯੱਗ ਵਿਚ ਵਿਘਨ ਪਏ, ਉਹ ਤਾਂ ਪੈਂਦੇ ਹੀ ਰਹਿਣਗੇ। ਕਲਪ ਦੇ ਬਾਅਦ ਵੀ ਪੈਂਦੇ ਰਹਿਣਗੇ। ਤੁਸੀਂ ਹੁਣ ਪੱਕੇ ਹੋ ਗਏ ਹੋ। ਇਹ ਸਥਾਪਨਾ ਵਿਨਾਸ਼ ਦਾ ਕੋਈ ਛੋਟਾ ਕੰਮ ਨਹੀ ਹੈ। ਵਿਘਨ ਕਿਸ ਗੱਲ ਵਿਚ ਪੈਂਦੇ ਹਨ? ਬਾਪ ਕਹਿੰਦੇ ਹਨ ਕਾਮ ਮਹਾਂਸ਼ਤਰੂ ਹੈ, ਇਸ ਤੇ ਹੀ ਅੱਤਿਆਚਾਰ ਹੁੰਦੇ ਹਨ। ਦ੍ਰੋਪਦੀ ਦੀ ਵੀ ਗੱਲ ਹੈ ਨਾ। ਬ੍ਰਹਮਚਰਿਆ ਤੇ ਹੀ ਸਾਰੀ ਖਿਟਪਿਟ ਹੈ। ਸਤੋਪ੍ਰਧਾਨ ਤੋਂ ਤਮੋਪ੍ਰਧਾਨ ਬਣਨਾ ਹੈ ਜਰੂਰ। ਪੌੜ੍ਹੀ ਉਤਰਨੀ ਹੈ, ਪੁਰਾਣੀ ਦੁਨੀਆ ਜਰੂਰ ਹੋਣੀ ਹੈ। ਇਨ੍ਹਾਂ ਸਾਰੀਆਂ ਗੱਲਾਂ ਨੂੰ ਤੁਸੀਂ ਸਮਝਦੇ ਹੋ ਅਤੇ ਸਿਮਰਣ ਵੀ ਜਰੂਰ ਕਰਦੇ ਹੋ ਅਤੇ ਪੜ੍ਹਕੇ ਪੜ੍ਹਾਉਣਾ ਵੀ ਹੈ, ਟੀਚਰ ਬਣਨਾ ਹੈ। ਜਰੂਰ ਨਾਲੇਜ਼ ਬੁੱਧੀ ਵਿੱਚ ਹੈ ਤਾਂ ਪੜ੍ਹ ਕੇ ਟੀਚਰ ਬਣਦੇ ਹਨ। ਫਿਰ ਟੀਚਰ ਤੋਂ ਸਿੱਖ ਕੇ ਜੋ ਹੁਸ਼ਿਆਰ ਬਣਦੇ ਹਨ ਤਾਂ ਸਰਕਾਰ ਉਨ੍ਹਾਂ ਨੂੰ ਪਾਸ ਕਰਦੀ ਹੈ। ਤੁਸੀਂ ਵੀ ਟੀਚਰ ਹੋ ਬਾਪ ਨੇ ਤੁਹਾਨੂੰ ਟੀਚਰ ਬਣਾਇਆ ਹੈ। ਇੱਕ ਟੀਚਰ ਕੀ ਕਰ ਸਕਦਾ ਹੈ। ਤੁਸੀਂ ਸਾਰੇ ਹੋ ਰੂਹਾਨੀ ਟੀਚਰ। ਤਾਂ ਬੁੱਧੀ ਵਿੱਚ ਨਾਲੇਜ਼ ਹੋਣੀ ਚਾਹੀਦੀ ਹੈ। ਗਿਆਨ ਤਾਂ ਬਿਲਕੁਲ ਐਕਿਊਰੇਟ ਹੈ- ਮਨੁੱਖ ਤੋਂ ਦੇਵਤਾ ਬਣਨਾ ਹੈ।

ਹਾਲੇ ਜਿਨ੍ਹਾਂ ਤੁਸੀਂ ਬੱਚੇ ਬਾਪ ਨੂੰ ਯਾਦ ਕਰਦੇ ਰਹਿੰਦੇ ਹੋ ਤਾਂ ਲਾਈਟ ਆਉਂਦੀ ਰਹਿੰਦੀ ਹੈ। ਮਨੁੱਖਾਂ ਨੂੰ ਸਾਕਸ਼ਤਕਾਰ ਹੁੰਦਾ ਰਹੇਗਾ

ਕਿਉਂਕਿ ਆਤਮਾ ਪਿਓਰ ਬਣੇਗੀ ਹੀ ਯਾਦ ਨਾਲ, ਫਿਰ ਕਿਸੇ ਨੂੰ ਸਾਕਸ਼ਤਕਾਰ ਵੀ ਹੋ ਸਕਦਾ ਹੈ। ਬਾਪ ਮਦਦਗਾਰ ਵੀ ਬੈਠਾ ਹੈ, ਬਾਪ ਸਦਾ ਬੱਚਿਆਂ ਦਾ ਮਦਦਗਾਰ ਹੈ। ਪੜ੍ਹਾਈ ਵਿਚ ਨੰਬਰਵਾਰ ਹਨ। ਹਰ ਇਕ ਆਪਣੀ ਬੁੱਧੀ ਵਿਚ ਸਮਝ ਸਕਦਾ ਹੈ ਮੇਰੇ ਵਿਚ ਕਿੰਨੀ ਧਾਰਨਾ ਹੈ। ਜੇਕਰ ਧਾਰਨਾ ਹੈ ਤਾਂ ਕਿਸੇ ਨੂੰ ਸਮਝਾ ਕੇ ਵਿਖਾਓ। ਇਹ ਹੈ ਧਨ, ਧਨ ਦਿੰਦੇ ਨਹੀ ਤਾਂ ਕੋਈ ਮੰਨੇਗਾ ਵੀ ਨਹੀਂ ਕਿ ਇਨ੍ਹਾਂ ਕੋਲ ਧਨ ਹੈ। ਧਨ ਦਾਨ ਕਰਾਂਗੇ ਤਾਂ ਮਹਾਂਦਾਨੀ ਕਹਿਣਗੇ। ਮਹਾਂਰਥੀ ਮਹਾਂਵੀਰ ਗੱਲ ਇਕੋ ਹੀ ਹੈ। ਸਭ ਇਕੋ ਜਿਹੇ ਤਾਂ ਹੋ ਨਹੀਂ ਸਕਦੇ। ਤੁਹਾਡੇ ਕੋਲ ਕਿੰਨੇ ਆਉਂਦੇ ਹਨ, ਇਕ-ਇਕ ਨਾਲ ਬੈਠ ਕੇ ਮੱਥਾ ਮਾਰਨਾ ਹੁੰਦਾ ਹੈ, ਕੀ? ਉਹ ਲੋਕ ਅਖ਼ਬਾਰ ਰਾਹੀਂ ਬਹੁਤ ਗੱਲਾਂ ਸੁਣਦੇ ਹਨ ਅਤੇ ਬਹੁਤ ਚਮਕਦੇ ਹਨ। ਫਿਰ ਜਦੋਂ ਤੁਹਾਡੇ ਕੋਲ ਆ ਕੇ ਸੁਣਦੇ ਹਨ ਤਾਂ ਕਹਿੰਦੇ ਹਨ ਅਸੀਂ ਪਰਮਤ ਤੇ ਕੀਤਾ, ਇੱਥੇ ਤਾਂ ਬਹੁਤ ਚੰਗਾ ਹੈ। ਇਕ-ਇਕ ਨੂੰ ਠੀਕ ਕਰਨ ਵਿਚ ਮੇਹਨਤ ਲਗਦੀ ਹੈ। ਇਥੇ ਵੀ ਕਿੰਨੀ ਮੇਹਨਤ ਲੱਗੀ ਹੈ, ਫਿਰ ਵੀ ਕੋਈ ਮਹਾਂਰਥੀ, ਕੋਈ ਘੁੜ ਸਵਾਰ, ਕੋਈ ਪਿਆਧੇ। ਇਹ ਡਰਾਮੇ ਵਿਚ ਪਾਰਟ ਹੈ, ਇਹ ਤਾਂ ਸਮਝਦੇ ਹੋ, ਆਖ਼ਿਰ ਜਿੱਤ ਤੁਹਾਡੀ ਹੋਣੀ ਹੈ, ਜੋ ਕਲਪ ਪਹਿਲੋਂ ਬਣੇ ਸਨ, ਉਹੀ ਬਣਨਗੇ। ਪੁਰਸ਼ਾਰਥ ਤਾਂ ਬੱਚਿਆਂ ਨੂੰ ਕਰਨਾ ਹੀ ਹੈ, ਬਾਪ ਰਾਇ ਦਿੰਦੇ ਹਨ, ਸਮਝਾਉਣ ਦੀ ਕੋਸ਼ਿਸ ਕਰੋ। ਪਹਿਲਾਂ ਤਾਂ ਸ਼ਿਵਬਾਬਾ ਦੇ ਮੰਦਿਰ ਜਾ ਕੇ ਸਰਵਿਸ ਕਰੋ। ਤੁਸੀਂ ਪੁੱਛ ਸਕਦੇ ਹੋ-- ਇਹ ਕੌਣ ਹਨ? ਇਸ ਤੇ ਪਾਣੀ ਕਿਓਂ ਚੜ੍ਹਾਉਂਦੇ ਹਨ? ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ। ਕਹਿੰਦੇ ਹਨ ਗਈ ਟਾਂਡੇ ਤੇ (ਅੱਗ ਲੈਣ) ਅਤੇ ਮਲਿਕ ਹੋ ਕੇ ਬੈਠ ਗਈ। ਇਹ ਦ੍ਰਿਸ਼ਟਾਂਤ ਵੀ ਤੁਹਾਡਾ ਹੀ ਹੈ। ਤੁਸੀਂ ਜਾਂਦੇ ਹੋ ਜਗਾਉਣ ਲਈ। ਤੁਹਾਨੂੰ ਨਿਮੰਤਰਨ ਦੇਕੇ ਬੁਲਾਉਂਦੇ ਹਨ, ਤਾਂ ਅਜਿਹਾ ਬੁਲਾਵਾ ਆਵੇ ਤਾਂ ਤੁਹਾਨੂੰ ਖੁਸ਼ੀ ਹੋਣੀ ਚਾਹੀਦੀ ਹੈ। ਕਾਸ਼ੀ ਵਿੱਚ ਵੱਡੇ-ਵੱਡੇ ਟਾਇਟਲ ਦਿੰਦੇ ਹਨ। ਭਗਤੀ ਵਿੱਚ ਕਿੰਨੇ ਢੇਰ ਮੰਦਿਰ ਹਨ, ਇਹ ਵੀ ਇਕ ਧੰਧਾ ਹੈ। ਕੋਈ ਚੰਗੀ ਔਰਤ ਵੇਖੀ ਤਾਂ ਉਸ ਨੂੰ ਗੀਤਾ ਯਾਦ ਕਰਵਾ ਕੇ ਅੱਗੇ ਕਰ ਦਿੰਦੇ ਹਨ, ਫਿਰ ਜੋ ਕਮਾਈ ਹੁੰਦੀ ਹੈ ਤਾਂ ਉਹ ਮਿਲ ਜਾਂਦੀ ਹੈ। ਹੈ ਕੁੱਝ ਵੀ ਨਹੀਂ। ਰਿੱਧੀ ਸਿੱਧੀ ਬਹੁਤ ਸਿਖਦੇ ਹਨ। ਇਹੋ ਜਿਹੀਆਂ ਜਗ੍ਹਾ ਤੇ ਜਾਣਾ ਚਾਹੀਦਾ ਹੈ। ਤੁਹਾਨੂੰ ਬੱਚਿਆਂ ਨੂੰ ਕਦੇ ਸ਼ਾਸ਼ਤਰਾਥ ਨਹੀਂ ਕਰਨਾ ਚਾਹੀਦਾ। ਤੁਸੀਂ ਤੇ ਜਾਕੇ ਬਾਪ ਦਾ ਪਰਿਚੈ ਦੇਣਾ ਹੈ। ਮੁੱਕਤੀ ਜੀਵਨ ਮੁੱਕਤੀ ਦਾਤਾ ਇਕ ਹੈ, ਉਨ੍ਹਾਂ ਦੀ ਮਹਿਮਾ ਕਰਨੀ ਹੈ। ਉਹ ਕਹਿੰਦੇ ਹਨ ਖ਼ੁੱਦ ਨੂੰ ਆਤਮਾ ਸਮਝ ਮੈਨੂੰ ਯਾਦ ਕਰੋ। ਬਾਕੀ ਮਨਮਨਾਭਵ ਦਾ ਮਤਲੱਬ ਇਹ ਨਹੀਂ ਹੈ ਕਿ ਗੰਗਾ ਵਿੱਚ ਜਾ ਕੇ ਇਸ਼ਨਾਨ ਕਰੋ। ਮਾਮੇਕਮ ਦਾ ਅਰਥ ਹੈ ਮੈਨੂੰ ਇਕ ਨੂੰ ਯਾਦ ਕਰੋ--ਮੈਂ ਪ੍ਰਤਿਗਿਆ ਕਰਦਾ ਹਾਂ ਕਿ ਮੈਂ ਤੁਹਾਨੂੰ ਸਾਰੇ ਪਾਪਾਂ ਤੋਂ ਮੁਕਤ ਕਰਾਂਗਾ। ਜਦੋਂ ਤੋਂ ਰਾਵਣ ਆਇਆ ਹੈ ਉਦੋਂ ਤੋਂ ਪਾਪ ਸ਼ੁਰੂ ਹੋਏ ਹਨ। ਤਾਂ ਉੱਚ ਪਦਵੀ ਪਾਉਣ ਦਾ ਬੜਾ ਪੁਰਸ਼ਾਰਥ ਕਰਨਾ ਹੈ। ਪੋਜੀਸ਼ਨ ਦੇ ਲਈ ਮਨੁੱਖ ਰਾਤ ਦਿਨ ਕਿੰਨਾ ਮੱਥਾ ਮਾਰਦੇ ਹਨ, ਇਹ ਵੀ ਪੜ੍ਹਾਈ ਹੈ, ਇਸ ਵਿੱਚ ਕੋਈ ਕਿਤਾਬ ਆਦਿ ਚੁੱਕਣ ਦੀ ਗੱਲ ਨਹੀਂ ਹੈ। 84 ਦਾ ਚੱਕਰ ਤਾਂ ਬੁੱਧੀ ਵਿੱਚ ਆ ਗਿਆ ਹੈ। ਕੋਈ ਵੱਡੀ ਗੱਲ ਨਹੀ ਹੈ। ਇਕ-ਇਕ ਜਨਮ ਦੀ ਡਿਟੇਲ ਥੋੜ੍ਹੀ ਦਸਦੇ ਹਨ। 84 ਜਨਮ ਪੂਰੇ ਹੋਏ, ਹੁਣ ਅਸੀਂ ਆਤਮਾਵਾਂ ਨੇ ਘਰ ਜਾਣਾ ਹੈ। ਆਤਮਾ ਜੋ ਪਤਿਤ ਬਣੀ ਹੈ ਉਸਨੇ ਪਾਵਨ ਜਰੂਰ ਬਣਨਾ ਹੈ। ਸਭ ਨੂੰ ਇਹ ਹੀ ਕਹਿੰਦੇ ਰਹੋ ਮਾਮੇਕਮ ਯਾਦ ਕਰੋ। ਬੱਚੇ ਕਹਿੰਦੇ ਹਨ, ਬਾਬਾ ਯੋਗ ਵਿਚ ਨਹੀਂ ਰਹਿ ਸਕਦੇ। ਅਰੇ ਤੁਹਾਨੂੰ ਸਾਮਣੇ ਕਹਿ ਰਿਹਾ ਹਾਂ --ਮੈਨੂੰ ਯਾਦ ਕਰੋ ਫਿਰ ਯੋਗ ਅੱਖਰ ਤੁਸੀਂ ਕਿਉਂ ਕਹਿੰਦੇ ਹੋ। ਯੋਗ ਕਹਿਣ ਨਾਲ ਹੀ ਤੁਸੀ ਭੁਲਦੇ ਵੀ ਹੋ। ਬਾਪ ਨੂੰ ਯਾਦ ਕੌਣ ਨਹੀਂ ਕਰ ਸਕਦਾ। ਲੌਕਿਕ ਮਾਂ ਬਾਪ ਨੂੰ ਕਿੱਦਾਂ ਯਾਦ ਕਰਦੇ ਹੋ, ਇਹ ਵੀ ਮਾਂ ਬਾਪ ਹੈ ਨਾ। ਇਹ ਵੀ ਪੜ੍ਹਦੇ ਹਨ, ਸਰਸਵਤੀ ਵੀ ਪੜ੍ਹਦੀ ਹੈ, ਪੜ੍ਹਾਉਣ ਵਾਲਾ ਇਕ ਬਾਪ ਹੀ ਹੈ। ਤੁਸੀਂ ਜਿੰਨਾਂ ਪੜ੍ਹਦੇ ਹੋ ਫਿਰ ਹੋਰਾਂ ਨੂੰ ਸਮਝਾਉਂਦੇ ਹੋ। ਬਾਪ ਕਹਿੰਦੇ ਹਨ ਬੱਚੇ ਸ਼ਾਸ਼ਤਰ ਪੜ੍ਹਨੇ, ਜਪ ਤਪ ਕਰਨ ਨਾਲ ਤੁਸੀਂ ਮੈਨੂੰ ਪ੍ਰਾਪਤ ਨਹੀਂ ਕਰ ਸਕਦੇ ਹੋ, ਬਾਕੀ ਫਾਇਦਾ ਕੀ ਹੈ। ਪੌੜ੍ਹੀ ਤਾਂ ਉਤਰਦੇ ਹੀ ਆਉਂਦੇ ਹੋ।

ਤੁਹਾਡਾ ਕੋਈ ਦੁਸ਼ਮਣ ਨਹੀਂ। ਫਿਰ ਵੀ ਤੁਸੀਂ ਸਮਝਾਉਣਾ ਹੈ ਜ਼ਰੂਰ, ਕਿ ਪਾਪ ਤੇ ਪੁੰਨ ਕਿਵੇਂ ਜਮ੍ਹਾ ਹੁੰਦਾ ਹੈ। ਰਾਵਣ ਰਾਜ ਤੋਂ ਬਾਦ ਹੀ ਤੁਸੀਂ ਪਾਪ ਕਰਨਾ ਸ਼ੁਰੂ ਕੀਤਾ ਹੈ। ਇਵੇਂ ਦੇ ਵੀ ਬੱਚੇ ਹਨ ਜਿਨ੍ਹਾਂ ਨੂੰ ਨਵੀਂ ਦੁਨੀਆ, ਪੁਰਾਣੀ ਦੁਨੀਆ ਕੀ ਹੈ ਇਹ ਵੀ ਸਮਝਾਉਣਾ ਨਹੀਂ ਆਉਂਦਾ ਹੈ। ਹੁਣ ਬਾਪ ਕਹਿੰਦੇ ਹਨ ਕਿ ਬੇਹੱਦ ਦੇ ਬਾਪ ਨੂੰ ਯਾਦ ਕਰੋ ਉਹ ਹੀ ਪਤਿਤ - ਪਾਵਨ ਹੈ। ਬਾਕੀ ਤੁਹਾਨੂੰ ਕਿੱਧਰੇ ਵੀ ਜਾਣ ਦੀ ਲੋੜ ਨਹੀਂ ਹੈ। ਭਗਤੀ ਮਾਰਗ ਵਿਚ ਸਦਾ ਪੈਰ ਘਰ ਤੋਂ ਬਾਹਰ ਨਿਕਲਦਾ ਸੀ। ਪਤੀ ਇਸਤ੍ਰੀ ਨੂੰ ਕਹਿੰਦੇ ਹਨ ਕ੍ਰਿਸ਼ਨ ਦ ਚਿੱਤਰ ਘਰ ਵਿੱਚ ਵੀ ਹੈ ਫਿਰ ਬਾਹਰ ਕਿਓ ਜਾਂਦੀ ਹੋ? ਕੀ ਫ਼ਰਕ ਹੈ? ਪਤੀ ਪਰਮੇਸ਼ਵਰ ਹੈ ਇਸ ਨੂੰ ਵੀ ਨਹੀਂ ਮੰਨਦੇ। ਭਗਤੀ ਮਾਰਗ ਵਿਚ ਬਹੁਤ ਦੂਰ-ਦੂਰ ਉੱਚਾ ਮੰਦਿਰ ਬਣਾਉਂਦੇ ਹਨ। ਜੋ ਮਨੁੱਖਾ ਦਾ ਭਾਵ ਬੈਠੇ। ਤੁਸੀਂ ਸਮਝਾਉਂਦੇ ਹੋ, ਮੰਦਿਰਾਂ ਵਿੱਚ ਕਿੰਨੇ ਧੱਕੇ ਖਾਂਦੇ ਹਨ। ਇਹ ਇਕ ਰਸਮ ਪਈ ਹੈ, ਕਾਸ਼ੀ ਵਿੱਚ ਤੀਰਥ ਕਰਨ ਜਾਂਦੇ ਹਨ ਪਰ ਪ੍ਰਾਪਤੀ ਕੁਝ ਵੀ ਨਹੀਂ। ਹੁਣ ਤੁਹਾਨੂੰ ਤਾਂ ਬਾਪ ਦੀ ਸ਼੍ਰੀਮਤ ਮਿਲਦੀ ਹੈ। ਤੁਸੀਂ ਤਾਂ ਕਿੱਧਰੇ ਵੀ ਜਾਣਾ ਨਹੀਂ ਹੈ। ਪਤੀਆਂ ਦਾ ਪਤੀ ਪਰਮੇਸ਼ਵਰ ਅਸਲ ਵਿੱਚ ਇਕ ਹੀ ਹੈ। ਜਿਸਨੂੰ ਤੁਹਾਡੇ ਪਤੀ, ਕਾਕੇ, ਮਾਮੇ, ਸਭ ਯਾਦ ਕਰਦੇ ਹਨ, ਉਹ ਹੈ ਪਤੀ ਪਰਮੇਸ਼ਵਰ ਮਤਲਬ ਪਿਤਾ ਪਰਮੇਸ਼ਵਰ। ਉਹ ਤੁਹਾਨੂੰ ਕਹਿੰਦੇ ਹਨ ਮਾਮੇਕਮ ਯਾਦ ਕਰੋ ਤਾਂ ਤੁਹਾਡੇ ਵਿਕਰਮ ਵਿਨਾਸ਼ ਹੋਣਗੇ। ਤੁਹਾਡੀ ਜੋਤ ਹੁਣ ਜਗ ਰਹੀ ਹੈ ਤਾਂ ਤੁਹਾਡੇ ਵਿਚੋਂ ਮਨੁੱਖਾ ਨੂੰ ਲਾਈਟ ਵੇਖਣ ਵਿੱਚ ਆਉਂਦੀ ਹੈ। ਤਾਂ ਬੱਚਿਆਂ ਦਾ ਨਾਮ ਵੀ ਬਾਲਾ ਹੋਣਾ ਚਾਹੀਦਾ ਹੈ। ਬਾਪ ਬੱਚਿਆਂ ਦਾ ਨਾਮ ਤਾਂ ਬਾਲਾ ਕਰਦੇ ਹਨ ਨਾ। ਸੁਦੇਸ਼ ਬੱਚੀ ਸਮਝਾਉਣ ਵਿੱਚ ਬੜੀ ਤਿੱਖੀ ਹੈ। ਪੁਰਸ਼ਾਰਥ ਬਹੁਤ ਕੀਤਾ ਹੈ ਤਾਂ ਪੁਰਾਣੀਆਂ ਤੋਂ ਵੀ ਅੱਗੇ ਗਈ ਹੈ। ਉਸ ਤੋਂ ਵੀ ਜਿਆਦਾ ਪੁਰਸ਼ਾਰਥ ਕਰ ਹੋਰ ਵੀ ਅੱਗੇ ਚਲੀ ਜਾਵੇਗੀ। ਸਾਰਾ ਮਦਾਰ ਪੁਰਸ਼ਾਰਥ ਤੇ ਹੈ। ਹਾਰਟ ਫੇਲ ਨਹੀਂ ਹੋਣਾ ਚਾਹੀਦਾ। ਪਿਛਾੜੀ ਵਿਚ ਆਕੇ ਵੀ ਸੈਕਿੰਡ ਵਿਚ ਜੀਵਨ ਮੁੱਕਤੀ ਪਾ ਸਕਦੇ ਹਨ। ਦਿਨ ਪ੍ਰਤੀਦਿਨ ਇਵੇਂ ਦੇ ਬੜੇ ਨਿਕਲਦੇ ਰਹਿਣਗੇ। ਡਰਾਮੇ ਵਿਚ ਤੁਹਾਡਾ ਜਿੱਤ ਦਾ ਪਾਰਟ ਤਾਂ ਹੈ ਹੀ। ਵਿਘਨ ਵੀ ਪੈਂਦੇ ਹਨ। ਹੋਰ ਕਿਸੇ ਸਤਸੰਗਾਂ ਵਿਚ ਇਵੇਂ ਵਿਘਨ ਨਹੀਂ ਪੈਂਦੇ ਹਨ। ਇਥੇ ਵਿਕਾਰਾਂ ਕਾਰਣ ਹੀ ਹੰਗਾਮਾ ਹੁੰਦਾ ਹੈ। ਗਾਇਨ ਵੀ ਹੈ ਅੰਮ੍ਰਿਤ ਛੱਡ ਵਿਸ਼ ਕਾਹੇ ਕੋ ਖਾਇ। ਗਿਆਨ ਨਾਲ ਇਸ ਦੇਵੀ - ਦੇਵਤਾ ਧਰਮ ਦੀ ਸਥਾਪਨਾ ਹੋ ਜਾਂਦੀ ਹੈ।

ਸਤਿਯੁੱਗ ਵਿਚ ਰਾਵਣ ਰਾਜ ਹੋ ਨਾ ਸਕੇ। ਸਮਝਾਣੀ ਕਿੰਨੀ ਸਾਫ਼ ਹੈ। ਰਾਮ ਰਾਜ ਦੇ ਬਾਜ਼ੂ ਵਿਚ ਹੀ ਰਾਵਣ ਰਾਜ ਵੀ ਵਿਖਾਇਆ ਹੈ। ਤੁਸੀਂ ਸਮਾਂ ਵੀ ਵਿਖਾਉਂਦੇ ਹੋ। ਇਹ ਹੈ ਸੰਗਮ। ਦੁਨੀਆ ਬਦਲ ਰਹੀ ਹੈ। ਸਥਾਪਨਾ ਪਾਲਣਾ ਵਿਨਾਸ਼ ਕਰਵਾਉਣ ਵਾਲਾ ਇਕ ਬਾਪ ਹੈ। ਹੈ ਬਹੁਤ ਸਹਿਜ਼, ਪਰ ਧਾਰਨਾ ਪੂਰੀ ਹੁੰਦੀ ਨਹੀਂ ਹੋਰ ਸਾਰੀਆਂ ਗੱਲਾਂ ਯਾਦ ਰਹਿੰਦੀਆਂ ਹਨ, ਇਕ ਗਿਆਨ ਅਤੇ ਯੋਗ ਭੁੱਲ ਜਾਂਦਾ ਹੈ। ਤੁਸੀਂ ਉੱਚੇ ਤੋਂ ਉੱਚੇ ਭਗਵਾਨ ਦੀ ਸੰਤਾਨ ਹੋ। ਦਿਨ ਪ੍ਰਤੀਦਿਨ ਤੂਸੀਂ ਸਾਲਵੇਂਟ ਹੁੰਦੇ ਜਾਂਦੇ ਹੋ। ਧਨ ਮਿਲਦਾ ਹੈ ਨਾ। ਖਰਚਾ ਵੀ ਆਉਂਦਾ ਜਾਂਦਾ ਹੈ। ਬਾਬਾ ਕਹਿੰਦੇ ਹਨ ਹਾਂਡੀ ਭਰਦੀ ਜਾਵੇਗੀ। ਕਲਪ ਪਹਿਲਾਂ ਦੀ ਤਰ੍ਹਾਂ ਹੀ ਤੁਸੀਂ ਖ਼ਰਚਾ ਕਰੋਗੇ। ਘੱਟ ਵੱਧ ਡਰਾਮਾ ਕਰਨ ਨਹੀਂ ਦੇਵੇਗਾ। ਡਰਾਮੇ ਤੇ ਬਾਬਾ ਦਾ ਅਟਲ ਨਿਸ਼ਚੇ ਹੈ। ਜੋ ਪਾਸਟ ਹੋਇਆ ਉਹ ਡਰਾਮਾ। ਇਵੇਂ ਨਹੀਂ ਕਹਿਣਾ ਚਾਹੀਦਾ, ਇਵੇਂ ਹੁੰਦਾ ਸੀ, ਇਹ ਨਹੀਂ ਕਰਦੇ ਸੀ। ਅਜੇ ਉਹ ਅਵੱਸਥਾ ਆਈ ਨਹੀਂ ਹੈ। ਕੁੱਝ ਨਾ ਕੁੱਝ ਮੂੰਹ ਤੋਂ ਨਿਕਲ ਜਾਂਦਾ ਹੈ, ਫਿਰ ਫੀਲ ਹੁੰਦਾ ਹੈ। ਬਾਬਾ ਕਹਿੰਦੇ ਹਨ ਬੀਤੀ ਨੂੰ ਚੇਤੇ ਨਾ ਕਰੋ, ਅੱਗੇ ਲਈ ਪੁਰਸ਼ਾਰਥ ਕਰੋ ਕਿ ਇਹੋ ਜਿਹੀ ਭੁੱਲ ਫਿਰ ਕਦੇ ਨਾ ਹੋਵੇ। ਇਸ ਲਈ ਬਾਬਾ ਕਹਿੰਦੇ ਹਨ ਚਾਰਟ ਲਿਖੋ ਇਸ ਵਿੱਚ ਬਹੁਤ ਕਲਿਆਣ ਹੈ। ਬਾਬਾ ਨੇ ਇਕ ਨੂੰ ਵੇਖਿਆ ਸਾਰੀ ਜੀਵਨ ਕਹਾਣੀ ਲਿਖ ਰਹੇ ਸਨ, ਸਮਝਦੇ ਹਨ ਬੱਚੇ ਸਿੱਖਣਗੇ। ਇਥੇ ਫਿਰ ਸ਼੍ਰੀਮਤ ਤੇ ਚੱਲਣ ਨਾਲ ਹੀ ਕਲਿਆਣ ਹੈ। ਇੱਥੇ ਝੂਠ ਵੀ ਚਲ ਨਹੀਂ ਸਕਦਾ। ਨਾਰਦ ਦਾ ਮਿਸਾਲ। ਚਾਰਟ ਨਾਲ ਬੜਾ ਫ਼ਾਇਦਾ ਹੈ। ਬਾਬਾ ਫਰਮਾਨ ਕਰਦੇ ਹਨ ਤਾਂ ਬੱਚਿਆਂ ਨੂੰ ਫਰਮਾਨ ਤੇ ਚੱਲਣਾ ਚਾਹੀਦਾ ਹੈ।

ਮਿੱਠੇ - ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਗਿਆਨ ਧਾਰਨ ਕਰ ਦੂਸਰਿਆਂ ਨੂੰ ਸਮਝਾਉਣਾ ਹੈ। ਗਿਆਨ ਧਨ ਦਾਨ ਕਰ ਕੇ ਮਹਾਂਦਾਨੀ ਬਣਨਾ ਹੈ। ਕਿਸੇ ਨਾਲ ਵੀ ਸ਼ਾਸ਼ਤਰਅਰਥ ਨਾ ਕਰ ਕੇ ਬਾਪ ਦਾ ਸੱਚਾ ਪਰਿਚੈ ਦੇਣਾ ਹੈ।

2. ਤੁਸੀਂ ਬੀਤੀਆਂ ਗੱਲਾਂ ਦਾ ਚਿੰਤਨ ਨਹੀਂ ਕਰਨਾ ਹੈ। ਅਜਿਹਾ ਪੁਰਸ਼ਾਰਥ ਕਰਨਾ ਹੈ ਜੋ ਕਦੇ ਭੁੱਲ ਨਾ ਹੋਵੇ। ਆਪਣਾ ਸੱਚਾ - ਸੱਚਾ ਚਾਰਟ ਰੱਖਣਾ ਹੈ।

ਵਰਦਾਨ:- ਯੋਗ ਦਵਾਰਾ ਉੱਚੀ ਸਥਿਤੀ ਦਾ ਅਨੁਭਵ ਕਰਨ ਵਾਲੇ ਡਬਲ ਲਾਈਟ ਫਰਿਸ਼ਤਾ ਭਵ।

ਤੁਸੀਂ ਰਾਜਯੋਗੀ ਬੱਚੇ ਯੋਗ ਵਿੱਚ ਉੱਚੀ ਸਥਿਤੀ ਦਾ ਅਨੁਭਵ ਕਰਦੇ ਹੋ, ਹਠਯੋਗੀ ਫਿਰ ਸ਼ਰੀਰ ਨੂੰ ਉੱਚਾ ਉਠਾਉਂਦੇ ਹਨ। ਤੁਸੀਂ ਕਿੱਥੇ ਵੀ ਰਹਿੰਦੇ ਉੱਚੀ ਸਥਿਤੀ ਵਿਚ ਰਹਿੰਦੇ ਹੋ ਇਸਲਈ ਕਹਿੰਦੇ ਯੋਗੀ ਉੱਚਾ ਰਹਿੰਦੇ ਹਨ। ਤੁਹਾਡੇ ਮਨ ਦੀ ਸਥਿਤੀ ਦਾ ਸਥਾਨ ਉੱਚਾ ਹੈ ਕਿਉਂਕਿ ਡਬਲ ਲਾਈਟ ਬਣ ਗਏ। ਉਵੇਂ ਵੀ ਕਿਹਾ ਜਾਂਦਾ ਹੈ ਕਿ ਫਰਿਸ਼ਤਿਆਂ ਦੇ ਪੈਰ ਜ਼ਮੀਨ ਤੇ ਨਹੀਂ ਹੁੰਦੇ। ਫਰਿਸ਼ਤਾ ਮਤਲਬ ਜਿਸ ਦਾ ਬੁੱਧੀ ਰੂਪੀ ਪੈਰ ਜ਼ਮੀਨ ਤੇ ਨਾ ਹੋਵੇ, ਦੇਹਭਾਨ ਵਿੱਚ ਨਾ ਹੋਵੇ। ਪੁਰਾਣੀ ਦੁਨੀਆ ਨਾਲ ਕੋਈ ਲਗਾਵ ਨਾ ਹੋਵੇ।

ਸਲੋਗਨ:- ਸਭ ਦੁਆਵਾਂ ਦੇ ਖਾਤੇ ਨੂੰ ਸੰਪੰਨ ਬਣਾ ਲਵੋ ਤਾਂ ਤੁਹਾਡੇ ਚਿੱਤਰਾਂ ਦਵਾਰਾ ਸਭ ਨੂੰ ਅਨੇਕ ਜਨਮ ਦੁਆਵਾਂ ਮਿਲਦੀਆਂ ਰਹਿਣਗੀਆਂ।

******

ਅਵਿਅਕਤ ਸਾਇਲੈਂਸ ਦਵਾਰਾ ਡਬਲ ਲਾਈਟ ਫਰਿਸ਼ਤਾ ਸਥਿਤੀ ਦਾ ਅਨੁਭਵ ਕਰੋ।

ਫਰਿਸ਼ਤਾ ਸਥਿਤੀ ਦਾ ਅਨੁਭਵ ਕਰਨ ਦੇ ਲਈ ਹੁਣੇ - ਹੁਣੇ ਆਵਾਜ਼ ਵਿਚ ਆਉਂਦੇ, ਡਿਸਕਸ ਕਰਦੇ, ਕਿਵੇਂ ਦੇ ਵੀ ਵਾਤਾਵਰਣ ਵਿਚ ਰਹਿੰਦੇ ਸੈਕਿੰਡ ਵਿੱਚ ਸਭ ਸੰਕਲਪਾਂ ਨੂੰ ਸਟਾਪ ਕਰ ਆਵਾਜ਼ ਤੋਂ ਪਰੇ, ਨਿਆਰੇ ਫਰਿਸ਼ਤਾ ਸਥਿਤੀ ਵਿਚ ਟਿਕ ਜਾਵੋ। ਹੁਣੇ - ਹੁਣੇ ਕਰਮਯੋਗੀ, ਹੁਣੇ - ਹੁਣੇ ਫਰਿਸ਼ਤਾ ਮਤਲਬ ਆਵਾਜ਼ ਤੋਂ ਪਰੇ ਅਵਿਅਕਤ ਸਾਇਲੇਂਸ ਦੀ ਅਨੁਭੂਤੀ। ਇਹ ਅਭਿਆਸ ਲਾਸ੍ਟ ਪੇਪਰ ਵਿੱਚ ਵਿਜਈ ਬਣਾਵੇਗਾ।